ਸਭ ਹੱਕ ਰਾਖਵੇਂ ਹਨ।

੧ ੴ ਵਾਹਿਗੁਰੂ ਜੀ ਕੀ ਫਤਹ ॥

"ਗੁਰ ਕਾ ਸਬਦਿ ਜਾਪਿ ਮਨ ਸੁਖਾ
ਈਹਾਂ ਊਹਾਂ ਤੇਰੋ ਊਜਲ ਮੁਖਾ ॥"

G-612

ਗੁਰਮਤਿ

# ਨਾਮ ਅਭਿਆਸ ਕਮਾਈ

ਗੁਰਮਤਿ ਨਾਮ ਸਿਮਰਨ ਦੇ ਸਿਧਾਂਤ ਸਬੰਧੀ
ਖੋਜ ਭਰੀ ਵਿਚਾਰ

DYAL SINGH LIBRARY LAHORE

ਲੇਖਕ-ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਪ੍ਰਕਾਸ਼ਕ-ਨਾਹਰ ਸਿੰਘ ਗਿਆਨੀ, ਅੰਮ੍ਰਿਤਸਰ

ਦੂਜੀ ਵਾਰ ੫੦੦ ] ਅਗਸਤ ੧੯੩੮ [ਮੁਲ ਇਕ ਰੁਪਯਾ

SINGH BROTHERS

## ਮ: ੪

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

(ਗਉੜੀ ਕੀ ਵਾਰ ਮਹਲਾ ੪)

# ਮੁਖ-ਬਚਨ

'ਗੁਰਮਤਿ ਨਾਮ ਅਭਿਆਸ ਕਮਾਈ' ਵਾਲਾ ਇਹ ਲੇਖ ਜਦ ਪਹਿਲੇ ਪਹਿਲ ਅਖਬਾਰ 'ਗੁਰ ਸੇਵਕ' ਵਿਚ ਛਪਣਾ ਸ਼ੁਰੂ ਹੋਇਆ ਸੀ, ਉਸ ਵੇਲੇ ਖਿਆਲ ਸੀ ਕਿ ਇਹ ਇਤਨਾ ਲੰਮਾ ਨਹੀਂ ਹੋਵੇਗਾ, ਪਰ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲੇਖਣੀ ਦਾ ਵੇਗ ਜਦੋਂ ਤੁਰ ਪਵੇ, ਤਾਂ ਇਸ ਦੀ ਠਲ੍ਹ ਪੈਣੀ ਕੋਈ ਸੌਖੀ ਗਲ਼ ਨਹੀਂ, ਜਿਸ ਕਰਕੇ ਲੇਖ ਸੁਤੇ ਸਿਧ ਹੀ ਇਕ ਪੁਸਤਕ ਬਣ ਗਿਆ, ਜਿਸ ਵਿਚ ਗੁਰਬਾਣੀ ਵਿਚੋਂ ਗੁਰਮੰਤ੍ਰ ਕੀ ਹੈ ? ਗੁਰਮੰਤ੍ਰ ਦੇ ਸਿਮਰਨ ਦੀ ਲੋੜ, ਗੁਰਮੰਤ੍ਰ ਸਿਮਰਨ ਦੇ ਗੁਝੇ ਭੇਦ, ਗੁਰਮੰਤ੍ਰ ਦੀ ਪਾਰਸ ਕਲਾ, ਅਜਪਾ ਜਾਪ, ਰਿਧੀਆਂ ਸਿਧੀਆਂ, ਮਨ ਦੀਆਂ ਮੁਰਾਦਾਂ ਤੇ ਨਾਮ ਸਿਮਰਨ ਦਾ ਪ੍ਰਤਾਪ, ਗੁਰਮੰਤ੍ਰ ਦੇਣ ਦਾ ਅਧਿਕਾਰ ਕਿਸ ਨੂੰ ਹੈ ?, ਦੁਨਿਆਵੀ ਫਿਲਾਸਫੀ ਤੇ ਤੱਤ ਗਜਾਨ ਆਦਿ ਵਿਸ਼ਿਆਂ ਪਰ ਬੜੀ ਡੂੰਘੀ ਵਿਚਾਰ ਕੀਤੀ ਗਈ ਹੈ । ਇਸ ਵਿਚ ਵਾਧਾ ਇਹ ਹੈ ਕਿ ਹਰ ਗਲ ਨੂੰ ਗੁਰਬਾਣੀ ਦੇ ਹਵਾਲੇ ਦੇਕੇ ਖੋਲ੍ਹਕੇ ਦਸਿਆ ਗਿਆ ਹੈ । ਜੋ ਸਜਣ 'ਨਾਮ ਅਭਿਆਸ' ਦੇ ਖੋਜੀ ਤੇ ਲੋੜ ਵੰਦ ਹਨ, ਉਹਨਾਂ ਲਈ ਇਹ



ਪੁਸਤਕ ਇਕ ਤਰ੍ਹਾਂ ਦਾ ਚਾਨਣ ਮੁਨਾਰਾ ਹੈ । ਇਹ ਗਲ ਨਿਰ ਸੰਦੇਹ ਕਹੀ ਜਾ ਸਕਦੀ ਹੈ ਕਿ 'ਗੁਰਮਤਿ ਨਾਮ ਅਭਿਆਸ ਕਮਾਈ' ਪ੍ਰਥਾਇ ਐਸੀ ਪੁਸਤਕ ਅੱਜ ਤਕ ਕੋਈ ਪ੍ਰਕਾਸ਼ਤ ਨਹੀਂ ਹੋਈ । ਜਿਨ੍ਹਾਂ ਗਲਾਂ ਸਬੰਧੀ ਆਮ ਸਿਖ ਜਨਤਾ ਕਈ ਤਰ੍ਹਾਂ ਦੇ ਭੁਲੇਖਿਆਂ ਵਿਚ ਪਈ ਹੋਈ ਹੈ, ਉਨ੍ਹਾਂ ਦਾ ਇਸ ਵਿਚ ਚੰਗੀ ਤਰ੍ਹਾਂ ਖੋਲ੍ਹ ਕੇ ਨਿਰਣਾ ਕੀਤਾ ਗਿਆ ਹੈ । ਗੁਰਬਾਣੀ ਦੇ ਪਰਮਾਣ ਦੇ ਕੇ ਉਨ੍ਹਾਂ ਦੇ ਜੋ ਅਰਥ ਕੀਤੇ ਗਏ ਹਨ, ਓਹ ਐਸੇ ਵਿਲੱਖਣ, ਢੁਕਵੇਂ ਤੇ ਫਬਵੇਂ ਹਨ, ਕਿ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਹ ਅਰਥ ਕੇਵਲ 'ਨਾਮ ਸਿਮਰਨ' ਦੀ ਕਮਾਈ ਕਰਨ ਨਾਲ ਹੀ ਸਫੁਰ ਹੋ ਸਕਦੇ ਹਨ, ਇਹ ਪੁਸਤਕ ਕੀ ਹੈ ? 'ਗੁਰਮਤਿ ਨਾਮ ਦੀ ਕਮਾਈ' ਦਾ ਪੇਖਿਆ ਪਰਖਿਆ ਜ਼ਾਤੀ ਤਜਰਬਾ ਹੈ । 'ਗੁਰਮਤਿ ਨਾਮ ਅਭਿਆਸ ਕਮਾਈ' ਵਿਚ ਸ਼ਬਦ 'ਅਭਿਆਸ' ਤੋਂ ਭਾਵ 'ਸਿਮਰਨ' ਤੇ 'ਜਾਪ' ਦਾ ਹੈ। ਭਾਵ ਇਹ ਕਿ ਇਸ ਪੁਸਤਕ ਵਿਚ ਸਤਿਨਾਮ ਗੁਰਮੰਤ੍ਰ ਦੇ ਸਿਮਰਨ ਦੀ ਕਮਾਈ ਦੀ ਗੁਰਮਤਿ ਰੀਤੀ, ਇਸ ਦੀ ਪ੍ਰਾਪਤੀ ਤੇ ਫਲ ਆਇ ਵਿਸ਼ਿਆਂ ਨੂੰ ਗੁਰਬਾਣੀ ਦੇ ਆਸਰੇ ਵਿਆਖਿਆ ਰੂਪ ਵਿਚ ਵਰਨਣ ਕੀਤਾ ਗਿਆ ਹੈ । ਇਸ ਨਾਸਤਕਤਾ ਤੇ ਪੱਛਮੀ ਤਹਿਜ਼ੀਬ ਦੇ ਅਸਰ ਹੇਠ ਆਏ ਜ਼ਮਾਨੇ ਵਿਚ ਲੋਕ 'ਰੱਬ' ਤੇ 'ਨਾਮ' ਅਤੇ 'ਨਾਮ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.